WORKSAFEBC | ਨਿਊਜ਼ ਰਿਲੀਜ਼

# ਵਰਕਸੇਫਬੀਸੀ ਕੰਮ-ਮਾਲਕਾਂ ਨੂੰ ਗਰਮੀਆਂ ਦੇ ਮੌਸਮ ਦੇ ਖ਼ਤਰਿਆਂ ਲਈ ਤਿਆਰੀ ਕਰਨ ਦੀ ਯਾਦ ਦਿਵਾਉਂਦਾ ਹੈ

*ਇਹਨਾਂ ਗਰਮੀਆਂ ਵਿੱਚ, ਅੰਦਰ ਅਤੇ ਬਾਹਰ ਦੋਨਾਂ ਹੀ ਥਾਵਾਂ 'ਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਗਰਮੀ ਦੇ ਤਣਾਅ (ਹੀਟ ਸਟ੍ਰੈੱਸ) ਦਾ ਖ਼ਤਰਾ ਹੋ ਸਕਦਾ ਹੈ।*

**ਰਿਚਮੰਡ, ਬੀ.ਸੀ. (15 ਜੂਨ, 2026)** — ਜਿਵੇਂ ਜਿਵੇਂ ਪੂਰੇ ਬੀ.ਸੀ. ਵਿੱਚ ਤਾਪਮਾਨ ਵਧਣਾ ਸ਼ੁਰੂ ਹੁੰਦਾ ਹੈ, ਵਰਕਸੇਫਬੀਸੀ ਕੰਮ-ਮਾਲਕਾਂ ਨੂੰ ਯਾਦ ਦਿਵਾ ਰਿਹਾ ਹੈ ਕਿ ਹਾਲਾਤ ਖ਼ਤਰਨਾਕ ਬਣ ਜਾਣ ਤੋਂ ਪਹਿਲਾਂ, ਗਰਮੀਆਂ ਦੇ ਮੌਸਮ ਨਾਲ ਜੁੜੇ ਖ਼ਤਰਿਆਂ ਲਈ ਹੁਣੇ ਤਿਆਰੀ ਕਰਨ।

ਵਰਕਸੇਫਬੀਸੀ ਵਿਖੇ ਪ੍ਰੀਵੈਂਸ਼ਨ ਸਰਵਿਸਿਜ਼ ਦੇ ਮੁਖੀ ਟੌਡ ਮੈਕਡੋਨਲਡ ਨੇ ਕਿਹਾ, "ਗਰਮੀ, ਸੂਰਜ ਦੀਆਂ ਹਾਨੀਕਾਰਕ ਕਿਰਨਾਂ (ਯੂ ਵੀ) ਦਾ ਸਾਹਮਣਾ ਕਰਨ ਅਤੇ ਜੰਗਲੀ ਅੱਗ ਦੇ ਧੂੰਏਂ ਨਾਲ ਵਰਕਰਾਂ ਦੀ ਸਿਹਤ ਲਈ ਖ਼ਤਰਾ ਪੈਦਾ ਹੁੰਦਾ ਹੈ, ਅਤੇ ਹਾਲਾਤ ਤੇਜ਼ੀ ਨਾਲ ਬਦਲ ਸਕਦੇ ਹਨ।" "ਇਨ੍ਹਾਂ ਖ਼ਤਰਿਆਂ ਲਈ ਯੋਜਨਾਬੰਦੀ ਸ਼ੁਰੂ ਕਰਨ ਲਈ ਗਰਮੀ ਦੀ ਲਹਿਰ ਆਉਣ ਜਾਂ ਅਸਮਾਨ ਦਾ ਧੂੰਏਂ ਨਾਲ ਭਰਿਆ ਹੋਣ ਦੀ ਉਡੀਕ ਨਾ ਕਰੋ। ਕੰਮ-ਮਾਲਕਾਂ ਕੋਲ ਹੁਣ ਤੋਂ ਹੀ ਯੋਜਨਾ ਤਿਆਰ ਹੋਣੀ ਚਾਹੀਦੀ ਹੈ ਅਤੇ ਯੋਜਨਾਬੰਦੀ ਦੀ ਕਾਰਵਾਈ ਵਿੱਚ ਵਰਕਰਾਂ ਅਤੇ ਸਾਂਝੀਆਂ ਸਿਹਤ ਅਤੇ ਸੁਰੱਖਿਆ ਕਮੇਟੀਆਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ।"

ਇਹਨਾਂ ਗਰਮੀਆਂ ਵਿੱਚ ਆਪਣੇ ਰੋਕਥਾਮ ਦੇ ਕੰਮ ਦੇ ਹਿੱਸੇ ਵਜੋਂ, ਵਰਕਸੇਫਬੀਸੀ ਦੇ ਅਧਿਕਾਰੀ ਜਾਂਚ ਕਰਨਗੇ ਕਿ ਕੀ ਕੰਮ-ਮਾਲਕਾਂ ਨੇ ਇਹਨਾਂ ਖ਼ਤਰਿਆਂ ਦਾ ਮੁਲਾਂਕਣ ਕੀਤਾ ਹੈ ਅਤੇ ਢੁਕਵੇਂ ਉਪਾਅ ਲਾਗੂ ਕੀਤੇ ਹਨ।

## ਗਰਮੀ ਦਾ ਸਾਹਮਣਾ ਕਰਨ ਲਈ ਪਹਿਲਾਂ ਤੋਂ ਯੋਜਨਾ ਬਣਾਓ

ਕੁਝ ਖਾਸ ਕਿੱਤਿਆਂ ਅਤੇ ਖੇਤਰਾਂ ਵਿੱਚ ਅੰਦਰ ਅਤੇ ਬਾਹਰ ਦੋਵਾਂ ਹੀ ਥਾਵਾਂ 'ਤੇ ਗਰਮੀ ਦੇ ਤਣਾਅ (ਹੀਟ ਸਟ੍ਰੈੱਸ) ਦਾ ਖ਼ਤਰਾ ਵਧੇਰੇ ਹੁੰਦਾ ਹੈ। ਕੰਸਟਰੱਕਸ਼ਨ, ਖੇਤੀਬਾੜੀ, ਆਵਾਜਾਈ ਅਤੇ ਜਨਤਕ ਕੰਮਾਂ (ਪਬਲਿਕ ਵਰਕਸ) ਵਰਗੇ ਉਦਯੋਗਾਂ ਵਿੱਚ ਬਾਹਰ ਕੰਮ ਕਰਨ ਵਾਲੇ ਵਰਕਰ ਵਧੇਰੇ ਖ਼ਤਰੇ ਵਿੱਚ ਹੁੰਦੇ ਹਨ। ਗਰਮੀ ਦਾ ਤਣਾਅ (ਹੀਟ ਸਟ੍ਰੈੱਸ) ਉਹਨਾਂ ਲੋਕਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ ਜੋ ਰਸੋਈਆਂ, ਵੇਅਰਹਾਊਸਾਂ ਅਤੇ ਫੈਕਟਰੀਆਂ ਵਰਗੇ ਅੰਦਰਲੇ ਵਾਤਾਵਰਨ ਵਿੱਚ ਕੰਮ ਕਰਦੇ ਹਨ, ਖਾਸ ਕਰਕੇ ਜਿਨ੍ਹਾਂ ਵਿੱਚ ਏਅਰ ਕੰਡੀਸ਼ਨਿੰਗ ਨਹੀਂ ਹੁੰਦੀ।

ਗਰਮੀ ਦੇ ਤਣਾਅ ਕਾਰਨ ਸਿਹਤ 'ਤੇ ਗੰਭੀਰ ਪ੍ਰਭਾਵ ਪੈ ਸਕਦੇ ਹਨ। ਜ਼ਿਆਦਾ ਸਿੱਲ੍ਹ (ਹਿਊਮਿਡਿਟੀ), ਉਪਕਰਨਾਂ ਤੋਂ ਆਉਣ ਵਾਲੀ ਗਰਮੀ, ਹਵਾ ਦੀ ਘੱਟ ਹਿਲਜੁਲ, ਸਰੀਰਕ ਜ਼ੋਰ ਲੱਗਣ ਵਾਲੇ ਕੰਮ, ਸੁਰੱਖਿਆ ਵਾਲੇ ਕੱਪੜੇ, ਅਤੇ ਵਿਅਕਤੀਗਤ ਕਾਰਨਾਂ ਜਿਵੇਂ ਤੁਸੀਂ ਕਿੰਨਾ ਪਾਣੀ ਪੀਂਦੇ ਹੋ, ਤੰਦਰੁਸਤੀ ਦਾ ਪੱਧਰ, ਜਾਂ ਕੁਝ ਦਵਾਈਆਂ ਨਾਲ ਖ਼ਤਰਾ ਵਧਦਾ ਹੈ।

ਕੰਮ-ਮਾਲਕਾਂ ਨੂੰ ਕੰਮ ਵਾਲੀ ਥਾਂ ਦੀਆਂ ਹਾਲਤਾਂ, ਕੰਮ ਦੀਆਂ ਲੋੜਾਂ, ਅਤੇ ਕੋਈ ਵੀ ਪੱਖ ਜੋ ਵਰਕਰ ਨੂੰ ਗਰਮੀ ਨਾਲ ਸਬੰਧਿਤ ਬਿਮਾਰੀ ਹੋਣ ਦੀ ਸੰਭਾਵਨਾ ਨੂੰ ਵਧਾ ਸਕਦੇ ਹੋਣ, ਦੇ ਆਧਾਰ 'ਤੇ ਗਰਮੀ ਦੇ ਤਣਾਅ ਦੇ ਖ਼ਤਰਿਆਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

ਜਦੋਂ ਖ਼ਤਰਿਆਂ ਦੀ ਪਛਾਣ ਹੋ ਜਾਵੇ, ਕੰਮ-ਮਾਲਕਾਂ ਨੂੰ ਚਾਹੀਦਾ ਹੈ ਕਿ ਉਹ:

- ਕੰਮ ਵਾਲੀ ਥਾਂ ਦੀਆਂ ਹਾਲਤਾਂ 'ਤੇ ਨਿਗ੍ਹਾ ਰੱਖਣ ਅਤੇ ਨਿਯਮਿਤ ਤੌਰ 'ਤੇ ਮੁੜ ਮੁਲਾਂਕਣ ਕਰਨ।
- ਠੰਢਾ ਪੀਣ ਵਾਲਾ ਪਾਣੀ ਅਤੇ ਆਰਾਮ ਕਰਨ ਲਈ ਨਿਯਮਤ ਬ੍ਰੇਕਾਂ ਦੇਣ।
- ਠੀਕ ਹੋਣ ਲਈ ਛਾਂ ਵਾਲੀਆਂ ਜਾਂ ਠੰਢੀਆਂ ਥਾਵਾਂ ਬਣਾਉਣ।
- ਸਖ਼ਤ ਸਰੀਰਕ ਕੰਮ ਕਰਨ ਦਾ ਸਮਾਂ ਦਿਨ ਦੇ ਠੰਢ ਵਾਲੇ ਸਮੇਂ ਦੌਰਾਨ ਤਹਿ ਕਰਨ।
- ਅੰਦਰਲੀਆਂ ਕੰਮ ਵਾਲੀਆਂ ਥਾਵਾਂ ਵਿੱਚ ਹਵਾਦਾਰੀ (ਵੈਂਟੀਲੇਸ਼ਨ) ਅਤੇ ਥਾਂ ਨੂੰ ਠੰਢੀ ਕਰਨ ਵਿੱਚ ਸੁਧਾਰ ਕਰਨ।
- ਵਰਕਰਾਂ ਨੂੰ ਵਧੇਰੇ ਗਰਮ ਅਤੇ ਵਧੇਰੇ ਠੰਢ ਵਾਲੇ ਵਾਤਾਵਰਨ ਵਿਚਕਾਰ ਬਦਲਦੇ ਰਹਿਣ।
- ਵਰਕਰਾਂ ਨੂੰ ਆਪਣੇ ਆਪ ਵਿੱਚ ਅਤੇ ਦੂਜਿਆਂ ਵਿੱਚ ਗਰਮੀ ਦੇ ਤਣਾਅ (ਹੀਟ ਸਟ੍ਰੈੱਸ) ਦੀਆਂ ਸ਼ੁਰੂਆਤੀ ਨਿਸ਼ਾਨੀਆਂ ਨੂੰ ਪਛਾਣਨ ਅਤੇ ਮੁੱਢਲੀ ਸਹਾਇਤਾ ਕਿਵੇਂ ਲੈਣੀ ਹੈ, ਇਸ ਬਾਰੇ ਸਿਖਲਾਈ ਦੇਣ। ਨਿਸ਼ਾਨੀਆਂ ਵਿੱਚ ਬਹੁਤ ਜ਼ਿਆਦਾ ਪਸੀਨਾ ਆਉਣਾ, ਪੱਠਿਆਂ ਵਿੱਚ ਕੜਵੱਲ, ਮਤਲੀ, ਕਮਜ਼ੋਰੀ, ਚੱਕਰ ਆਉਣੇ, ਘਬਰਾਹਟ, ਜਾਂ ਭੰਬਲਭੂਸਾ ਸ਼ਾਮਲ ਹੋ ਸਕਦੇ ਹਨ।
- ਵਰਕਰਾਂ ਨੂੰ ਨਿਸ਼ਾਨੀਆਂ ਦੀ ਜਲਦੀ ਰਿਪੋਰਟ ਕਰਨ ਅਤੇ ਜੇਕਰ ਹਾਲਾਤ ਅਸੁਰੱਖਿਅਤ ਹੋ ਜਾਂਦੇ ਹਨ ਤਾਂ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਨ।

## ਵਰਕਰਾਂ ਨੂੰ ਜੰਗਲੀ ਅੱਗ ਦੇ ਧੂੰਏਂ ਤੋਂ ਬਚਾਓ

ਜੰਗਲੀ ਅੱਗ ਦਾ ਧੂੰਆਂ ਪੂਰੇ ਸੂਬੇ ਵਿੱਚ ਹਵਾ ਦੀ ਕੁਆਲਿਟੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕੰਮ-ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਧੂੰਏਂ ਦਾ ਸਾਹਮਣਾ ਕਰਨ ਨੂੰ ਕੰਮ ਵਾਲੀ ਥਾਂ ਦੇ ਖ਼ਤਰੇ ਵਜੋਂ ਸਮਝਣ ਅਤੇ ਜਿਵੇਂ ਹੀ ਹਾਲਾਤ ਵਿਗੜਨ ਕਾਰਵਾਈ ਕਰਨ ਲਈ ਤਿਆਰ ਰਹਿਣ।

ਕੰਮ-ਮਾਲਕਾਂ ਨੂੰ ਚਾਹੀਦਾ ਹੈ ਕਿ ਉਹ:

- ਹਵਾ ਦੀ ਕੁਆਲਿਟੀ ਅਤੇ ਮੌਸਮ ਦੀ ਭਵਿੱਖਬਾਣੀ 'ਤੇ ਨਿਗ੍ਹਾ ਰੱਖਣ।
- ਧੂੰਏਂ ਦਾ ਪੱਧਰ ਵਧਣ 'ਤੇ ਕੰਮ ਦੇ ਟਾਈਮ ਟੇਬਲ, ਕੰਮ ਕਰਨ ਦੀ ਰਫ਼ਤਾਰ, ਜਾਂ ਸਥਾਨ ਨੂੰ ਹਾਲਾਤ ਦੇ ਅਨੁਸਾਰ ਬਦਲਣ।

- ਜਦੋਂ ਵੀ ਸੰਭਵ ਹੋਵੇ ਸਰੀਰਕ ਜ਼ੋਰ ਲੱਗਣ ਵਾਲੇ ਬਾਹਰਲੇ ਕੰਮ ਨੂੰ ਘਟਾਉਣ।
- ਇਹ ਯਕੀਨੀ ਬਣਾਉਣ ਕਿ ਹਵਾਦਾਰੀ ਦਾ ਸਿਸਟਮ ਸਹੀ ਢੰਗ ਨਾਲ ਕੰਮ ਕਰ ਰਿਹਾ ਹੈ ਅਤੇ ਲੋੜ ਅਨੁਸਾਰ ਫਿਲਟਰਾਂ ਨੂੰ ਬਦਲਣ।
- ਇਹ ਯਕੀਨੀ ਬਣਾਉਣ ਕਿ ਵਰਤੇ ਜਾਂਦੇ ਸਾਰੇ ਸਾਹ ਲੈਣ ਵਾਲੇ ਮਾਸਕ (ਰੈਸਪੀਰੇਟਰ) ਇਸ ਖ਼ਤਰੇ ਲਈ ਪ੍ਰਵਾਨਿਤ ਹਨ ਅਤੇ ਸਹੀ ਢੰਗ ਨਾਲ ਫਿੱਟ ਹੋਣ ਦਾ ਟੈੱਸਟ ਕੀਤਾ ਗਿਆ ਹੈ।

## ਵਰਕਰਾਂ ਨੂੰ ਸੂਰਜ ਦੀਆਂ ਹਾਨੀਕਾਰਕ ਕਿਰਨਾਂ (ਯੂ ਵੀ) ਦਾ ਸਾਹਮਣਾ ਕਰਨ ਤੋਂ ਬਚਾਓ

ਗਰਮੀਆਂ ਦੇ ਮਹੀਨਿਆਂ ਦੌਰਾਨ, ਬਾਹਰ ਕੰਮ ਕਰਨ ਵਾਲਿਆਂ ਨੂੰ ਸੂਰਜ ਦੀਆਂ ਹਾਨੀਕਾਰਕ ਕਿਰਨਾਂ (ਯੂ ਵੀ) ਦਾ ਸਾਹਮਣਾ ਕਰਨ ਨਾਲ ਜੁੜੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੰਬੇ ਸਮੇਂ ਤੱਕ ਧੁੱਪ ਵਿੱਚ ਰਹਿਣ ਨਾਲ ਚਮੜੀ ਨੂੰ ਨੁਕਸਾਨ ਹੋ ਸਕਦਾ ਹੈ - ਜਿਸ ਕਾਰਨ ਬਾਹਰ ਕੰਮ ਕਰਨ ਵਾਲਿਆਂ ਨੂੰ ਅੰਦਰ ਕੰਮ ਕਰਨ ਵਾਲਿਆਂ ਨਾਲੋਂ ਚਮੜੀ ਦੇ ਕੈਂਸਰ ਹੋਣ ਦੀ ਸੰਭਾਵਨਾ 3.5 ਗੁਣਾ ਵੱਧ ਹੁੰਦੀ ਹੈ।

ਸੂਰਜੀ ਤਪਸ਼ (ਯੂ ਵੀ ਇੰਡੈੱਕਸ) ਦਾ ਧਿਆਨ ਰੱਖ ਕੇ, ਸਨਸਕਰੀਨ ਦੀ ਵਰਤੋਂ ਕਰ ਕੇ, ਸੁਰੱਖਿਆ ਵਾਲੇ ਕੱਪੜੇ ਪਹਿਨ ਕੇ, ਅਤੇ ਜਦੋਂ ਵੀ ਸੰਭਵ ਹੋਵੇ ਛਾਂ ਹੇਠ ਜਾ ਕੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ।

## ਵਸੀਲੇ:

ਵਰਕਸੇਫਬੀਸੀ ਦੇ ਵਸੀਲੇ ਕੰਮ-ਮਾਲਕਾਂ ਅਤੇ ਵਰਕਰਾਂ ਨੂੰ ਗਰਮੀ ਦੀਆਂ ਹਾਲਤਾਂ ਲਈ ਤਿਆਰ ਕਰਨ ਵਿੱਚ ਮਦਦ ਕਰਦੇ ਹਨ:

- ਨਵਾਂ: ਗਰਮੀ ਦੇ ਤਣਾਅ ਬਾਰੇ ਚੇਤਾਵਨੀ ਪੋਸਟਰ
- ਗਰਮੀ ਦਾ ਤਣਾਅ
- ਗਰਮੀ ਦੇ ਤਣਾਅ ਲਈ ਜਾਂਚ-ਪੜਤਾਲ ਕਰਨ ਦਾ ਸਾਧਨ
- ਗਰਮੀ ਦੇ ਦਬਾਅ ਜਾਂ ਤਣਾਅ ਨੂੰ ਮਾਪਣ ਦੇ ਤਰੀਕੇ
- ਜੰਗਲੀ ਅੱਗ ਦਾ ਧੂੰਆਂ: ਅਕਸਰ ਪੁੱਛੇ ਜਾਂਦੇ ਸਵਾਲ
- ਸੂਰਜ ਅਤੇ ਯੂ ਵੀ ਰੇਡੀਏਸ਼ਨ

-30-

## ਵਰਕਸੇਫਬੀਸੀ ਬਾਰੇ

*ਵਰਕਸੇਫਬੀਸੀ ਗੈਰ-ਮੁਨਾਫ਼ਾ ਵਰਕਰਜ਼ ਕੰਪਨਸੇਸ਼ਨ ਸਿਸਟਮ ਚਲਾਉਂਦਾ ਹੈ ਜਿਸ ਨੂੰ ਸਿਰਫ਼ ਕੰਮ-ਮਾਲਕਾਂ ਦੁਆਰਾ ਦਿੱਤੀਆਂ ਜਾਂਦੀਆਂ ਬੀਮੇ ਦੀਆਂ ਕਿਸ਼ਤਾਂ (ਪ੍ਰੀਮੀਅਮ) ਅਤੇ ਨਿਵੇਸ਼ ਤੋਂ ਹੋਏ ਲਾਭ ਦੁਆਰਾ ਫੰਡ ਮਿਲਦੇ ਹਨ। ਇਹ ਸੰਸਥਾ ਪੂਰੇ ਬੀ ਸੀ ਵਿੱਚ 2.7 ਮਿਲੀਅਨ ਵਰਕਰਾਂ ਅਤੇ 286,000 ਕੰਮ-ਮਾਲਕਾਂ ਦੀ ਨੋ-ਫਾਲਟ (ਹਾਦਸਾ ਭਾਵੇਂ ਕਿਸੇ ਨੇ ਵੀ ਕੀਤਾ ਹੋਵੇ) ਕੰਮ ਵਾਲੀ ਥਾਂ ਦੀ ਇੰਸ਼ੋਰੈਂਸ ਕਰਦੀ ਹੈ। ਵਰਕਸੇਫਬੀਸੀ ਬੀ. ਸੀ. ਵਿੱਚ ਸੱਟ, ਬਿਮਾਰੀ ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਵਰਕਰਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ।*

**ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ:**
ਮੀਡੀਆ ਰੀਲੇਸ਼ਨਜ਼ ਵਰਕਸੇਫਬੀਸੀ
ਈਮੇਲ: media@worksafebc.com
ਟੈਲੀਫੋਨ: 604-276-5157